بسم اللہ الرحمن الرحیم

# ਖ਼ੁਲਾਸਾ ਖ਼ੁਤਬਾ ਜੁਮੱਾ 11.07.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਅਦਾਹੁੱਲਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

(شَهْرُ رَمَضَانَ الَّذِيْٓ اُنْزِلَ فِيْهِ الْقُرْاٰنُ هُدًى لِّلنَّاسِ وَبَيِّنٰتٍ مِّنَ الْهُدٰى وَالْفُرْقَانِ فَمَنْ شَهِدَ مِنْكُمُ الشَّهْرَ فَلْيَصُمْهُ وَمَنْ كَانَ مَرِيْضًا اَوْ عَلٰى سَفَرٍ فَعِدَّةٌ مِّنْ اَيَّامٍ اُخَرَ.
يُرِيْدُ اللّٰهُ بِكُمُ الْيُسْرَ وَلَا يُرِيْدُ بِكُمُ الْعُسْرَ. وَلِتُكْمِلُوا الْعِدَّةَ وَلِتُكَبِّرُوا اللّٰهَ عَلٰى مَا هَدٰىكُمْ وَلَعَلَّكُمْ تَشْكُرُوْنَ)

ਸ਼ਹਰੁ ਰਮਜ਼ਾਨਲੱਜ਼ੀ ਉਨਜ਼ਿਲਾ ਫ਼ੀਹਿਲ ਕੁਰਆਨੁ ਹੁਦਨ ਲਿਨੱਾਸਿ ਵ ਬੱਯਿਨਾਤਿੰਮ ਮਿਨਲ ਹੁਦਾ ਵਲ ਫ਼ੁਰਕਾਨਿ, ਫ਼ਮਨ ਸ਼ਾਹਿਦਾ ਮਿਨਕੁਮੁਸ਼ ਸ਼ਹਰਾ ਫ਼ਲਯਸੁਮਹੁ, ਵਮਨ ਕਾਨਾ ਮਰੀਜ਼ਨ ਅਓ ਅਲਾ ਸਾਫ਼ਾਰਿਨ ਫ਼ ਇਦੱਤੁੰਮ ਮਿਨ ਅਯੱਾਮਿਨ ਉਖ਼ਾਰਾ, ਯੁਰੀਦੁਲੱਾਹੁ ਬਿਕੁਮੁਲ ਯੁਸਰਾ ਵਲਾ ਯੁਰੀਦੁ ਬਿਕੁਮੁਲ ਉਸਰਾ, ਵਲਿਤੁਕਮਿਲੁਲ ਇਦੱਤਾ ਵਲਿ ਤੁਕੱਬਿਰੁਲੱਾਹਾ ਅਲਾ ਮਾ ਹਦਾਕੁਮ ਵ ਲਾਅਲੱਕੁਮ ਤਸ਼ਕੁਰੁਨ ।

ਇਸ ਆਇਤ ਦਾ ਅਰਥ ਇਹ ਹੈ ਕਿ :

ਰਮਜ਼ਾਨ ਦਾ ਮਹੀਨਾ ਜਿਸ ਵਿੱਚ ਮਨੁੱਖਾਂ ਲਈ ਕੁਰਆਨ ਕਰੀਮ ਇਕ ਮਹਾਨ ਸੁਮਾਰਗ ਵੱਜੋਂ ਉਤਾਰਿਆ ਗਿਆ ਅਤੇ ਅਜਿਹੇ ਖੁੱਲੇ ਤੇ ਸਪਸ਼ਟ ਸ਼ਿਨੀਆਂ (ਚਮਤਕਾਰਾਂ) ਦੇ ਤੌਰ'ਤੇ ਜਿੰਨ੍ਹਾ ਵਿੱਚ ਹਿਦਾਇਤਾਂ ਦਾ ਵਿਸਥਾਰ ਪੂਰਬਕ ਸੱਚ ਤੇ ਝੂਠ ਦਾ ਨਿਖੇੜਾ ਕਰ ਦੇਣ ਵਾਲੇ ਆਦੇਸ਼ ਹਨ । ਇਸ ਲਈ ਜੋ ਵੀ ਤੁਹਾਡੇ ਵਿੱਚੋਂ ਇਸ ਮਹੀਨਿ ਨੂੰ ਦੇਖੇ ਤਾਂ ਉਸ ਦੇ ਰੋਜ਼ੇ ਰੱਖੇ ਅਤੇ ਜੋ ਰੋਗੀ ਹੋਣ ਜਾਂ ਸਫ਼ਰ ਵਿੱਚ ਹੋਣ ਤਾਂ ਇਹ ਗਿਣਤੀ ਹੋਰਨਾ ਦਿਨਾਂ ਵਿੱਚ ਪੂਰੀ ਕਰਨੀ ਹੋਵੇਗੀ । ਅਲੱਾਹ ਤੁਹਾਡੇ ਲਈ ਆਸਾਨੀ ਚਾਹੁੰਦਾ ਹੈ ਅਤੇ ਤੁਹਾਡੇ ਲਈ ਤੰਗੀ ਨਹੀਂ ਚਾਹੁੰਦਾ ਅਤੇ ਚਾਹੁੰਦਾ ਹੈ ਕਿ ਤੁਸੀਂ ਸਹੂਲਤ ਨਾਲ ਗਿਣਤੀ ਪੂਰੀ ਕਰੋ । ਅਤੇ ਇਸ ਆਦੇਸ਼ ਅਨੁਸਾਰ ਅਲੱਾਹ ਦੀ ਵੱਡਿਆਈ ਵਰਨਣ ਕਰੋ ਜੋ ਉਸ ਨੇ ਤੁਹਾਨੂੰ ਬਖ਼ਸ਼ੀ ਤਾਂ ਜੋਂ ਤੁਸੀਂ ਧੰਨਵਾਦੀ ਬਣੋ ।

ਕੁਰਆਨ ਕਰੀਮ ਦੀ ਵੱਡਿਆਈ ਤੇ ਮਹਾਨਤਾ, ਉਸ ਦਾ ਅਸਥਾਨ ਅਤੇ ਉਸ'ਤੇ ਅਮਲ ਕਰਨ ਦੀ ਲੋੜ, ਉਸ'ਤੇ ਕਿਵੇਂ ਅਮਲ ਕਰਨਾ ਹੈ, ਕਿੰਨ੍ਹਾ ਲੋਕਾਂ ਲਈ ਇਹ ਜੀਵਨ ਪ੍ਰਦਾਨ ਕਰਨ ਦਾ ਸਾਧਨ ਬਣਦਾ ਹੈ, ਮਨੁੱਖੀ ਜੀਵਨ ਉਪੱਰ ਇਸ ਦੇ ਕੀ ਪ੍ਰਭਾਵ ਹਨ । ਭਾਵ ਇਹ ਕਿ ਅਸੰਖ ਅਜਿਹੀਆਂ ਗੱਲਾਂ ਹਨ ਜਿੰਨ੍ਹਾ ਦਾ ਵਿਸਥਾਰ ਸਾਨੂੰ ਅਲੱਾਹ ਤਆਲਾ ਨੇ ਇਸ ਕੁਰਆਨ ਕਰੀਮ ਵਿੱਚ ਦੱਸਿਆ ਹੈ । ਇਸ ਲਈ ਨ ਕੇਵਲ ਅਸੀਂ ਇਸ ਰਾਹੀਂ ਮਹਾਨ ਸ਼ਰਈ (ਰੱਬ ਵੱਲੋਂ ਉਤਾਰੀ ਗਈ) ਕਿਤਾਬ ਉਪੱਰ ਅਮਲ ਕਰਕੇ ਆਪਣੇ ਆਤਮਕ, ਧਾਰਮਕ ਤੇ ਆਚਰਣਕ ਤਰੱਕੀ ਦੇ ਸਾਧਨ ਕਰੀਏ ਸਗੋਂ ਦੁਨੀਆਵੀ ਪ੍ਰਗਤੀ ਦੇ ਸਾਧਨ ਜੁਟਾਈਏ ਅਤੇ ਇਸ ਆਇਤ ਵਿੱਚ ਜਿਸ ਦੀ ਮੈਂ ਹੁਣੇ ਹੀ ਤਲਾਵਤ ਕੀਤੀ ਹੈ ਰਮਜ਼ਾਨ ਦੇ ਮਹੀਨਿ ਨਾਲ ਜੋੜਕੇ ਕੁਰਆਨ ਕਰੀਮ ਦੀਆਂ ਬਰਕਤਾਂ ਦਾ ਰਮਜ਼ਾਨ ਨਾਲ ਸੰਬੰਧ ਕਾਇਮ ਕੀਤਾ ਹੈ ਅਤੇ ਰਮਜ਼ਾਨ ਦੇ ਸੰਬੰਧ ਨੂੰ ਕੁਰਆਨ ਕਰੀਮ ਨਾਲ ਕਾਇਮ ਕਰਕੇ ਰਮਜ਼ਾਨ ਦੀ ਮਹਤੱਤਾ ਨੂੰ ਉਜਾਗਰ ਕੀਤੀ ਗਈ ਹੈ ।

(شَهْرُ رَمَضَانَ الَّذِيْٓ اُنْزِلَ فِيْهِ الْقُرْاٰنُ) ਸ਼ਹਰੁ ਰਮਜ਼ਾਨਲੱਾਜ਼ੀ ਉਨਜ਼ਿਲਾ ਫ਼ੀਹਿਲ ਕੁਰਆਨ ਕਹਿ ਕੇ ਦੱਸਿਆ ਕਿ ਇਸ ਅੰਤਮ ਤੇ ਸੰਪੂਰਨ ਸ਼ਰਈ ਕਿਤਾਬ ਦਾ ਸੰਬੰਧ ਰਮਜ਼ਾਨ ਨਾਲ ਹੈ ਅਤੇ ਜੋ ਮਨੁੱਖ ਚਾਹੁੰਦਾ ਹੈ ਕਿ ਆਪਣੇ ਈਮਾਨ ਵਿੱਚ ਤਰੱਕੀ ਕਰੇ, ਜੋ ਚਹੁੰਦਾ ਹੈ ਕਿ ਇਸ ਅੰਤਮ ਤੇ ਪੂਰਨ ਕਿਤਾਬ ਅਤੇ ਸ਼ਰੀਅਤ ਨੂੰ ਦੁਨੀਆ ਵਿੱਚ ਫੈਲਾਏ ਅਤੇ ਦੁਨੀਆ ਇਸ ਨੂੰ ਜਾਣ ਲਏ । ਜੋ ਮਨੁੱਖ ਚਹੁੰਦਾ ਹੈ ਕਿ ਆਪਣੇ ਆਪ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਜੁੱਗ ਵਿੱਚ ਲੈ ਜਾਣ ਦਾ ਜਤਨ ਕਰਦਾ ਹੈ, ਜੋ ਮਨੁੱਖ ਚਾਹੁੰਦਾ ਹੈ ਕਿ ਰੱਬ ਦੀ ਨੇੜਤਾ ਪ੍ਰਾਪਤ ਕਰੇ ਐਤੇ 'ਫ਼ ਇੰਨੀ ਕਰੀਬ' ਦੀ ਆਵਾਜ਼ ਸੁਣੇ ਤਾਂ ਫਿਰ ਰਮਜ਼ਾਨ ਤੇ ਕੁਰਆਨ ਕਰੀਮ ਦਾ ਹੱਕ ਪੂਰਾ ਕਰੇ, ਇਹਨਾ ਦੇ ਆਪਸੀ ਸੰਬੰਧ ਨੂੰ ਜਾਣੇ । ਇਸ ਮਹੀਨਿ ਵਿੱਚ ਇਹ ਫ਼ਾਸਲੇ ਜੋ ਆਮ ਦਿਨਾ ਤੇ ਮਹੀਨਿਆਂ ਵਿੱਚ ਬਹੁਤ ਦੂਰ ਲਗੱਦੇ ਹਨ ਤਹਿ ਕਰਕੇ ਬਹੁਤ ਨੇੜੇ ਕਰ ਦਿੱਤੇ ਹਨ । ਇਸ ਲਈ ਇਕ ਮੋਮਨ ਇਸ ਮਹੀਨਿ ਤੋਂ ਜਿੰਨ੍ਹਾ ਵੀ ਫ਼ੈਜ਼ ਪਾ ਸਕਦਾ ਹੈ ਪ੍ਰਾਪਤ ਕਰਨ ਦੇ ਜਤਨ ਕਰਨੇ ਚਾਹੀਦੇ ਹਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਵੀ ਫ਼ਰਮਾਇਆ ਕਿ (شَهْرُ رَمَضَانَ الَّذِيْٓ اُنْزِلَ فِيْهِ الْقُرْاٰنُ) ਸ਼ਹਰੁ

ਰਮਜ਼ਾਨਲੱਜ਼ੀ ਉਨਜ਼ਿਲਾ ਫ਼ੀਹਿਲ ਕੁਰਆਨੁ, ਇਹੋ ਇਕ ਵਾਕ ਹੈ ਜਿਸ ਰਾਹੀਂ ਰਮਜ਼ਾਨ ਦੀ ਅਜ਼ਮਤ ਪ੍ਰਗਟ ਹੁੰਦੀ ਹੈ । ਅਤੇ ਫਿਰ ਇਹ ਵੀ ਫ਼ਰਮਾਇਆ ਕਿ ਇਸ ਦੀ ਅਜ਼ਮਤ ਕਰਕੇ ਰੋਜ਼ੇ ਦਾ ਅਜਰ (ਵਟਾਂਦਰਾ) ਵੀ ਬਹੁਤ ਵੱਡਾ ਤੇ ਮਹਾਨ ਹੈ ਪਰ ਉਹਨਾਂ ਲਈ ਜੋ ਇਹਨਾਂ ਰੋਜ਼ਿਆਂ ਤੇ ਕੁਰਆਨ ਕਰੀਮ ਦੇ ਸੰਬੰਧਾਂ ਦਾ ਹੱਕ ਵੀ ਪੂਰਾ ਕਰਨ ਅਤੇ ਇਸ ਦਾ ਹੱਕ ਇਹ ਹੈ ਕਿ ਰੋਜ਼ਿਆਂ ਨਾਲ ਕੁਰਆਨ ਕਰੀਮ ਨੂੰ ਪੜ੍ਹੋ, ਇਸ ਉਪੱਰ ਗ਼ੌਰ ਕਰੋ, ਇਸ ਦੀ ਵਿਆਖਿਆ ਸੁਣੋਂ ਜਾਂ ਪੜ੍ਹੋ । ਕਿਉਂਕਿ ਜਿੱਥੋਂ ਤੱਕ ਮੇਰਾ ਗਿਆਨ ਹੈ ਮੈਂ ਪੜਤਾਲਿਆ ਹੈ ਸਾਡੇ ਵਿੱਚੋਂ ਬਹੁਤ ਹੀ ਅਜਿਹੇ ਹਨ, ਵੱਡੀ ਗਿਣਤੀ ਅਜਿਹੀ ਹੈ ਜੋ ਰਮਜ਼ਾਨ ਵਿੱਚ ਵੀ ਕੁਰਆਨ ਕਰੀਮ ਦਾ ਹੱਕ ਪੂਰਾ ਕਰਨ ਦਾ ਜਤਨ ਨਹੀਂ ਕਰਦੇ, ਪੂਰਾ ਨਹੀਂ ਪੜ੍ਹਦੇ । ਭਾਵ ਇਹ ਕਿ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ ਉਸ ਤਰ੍ਹਾਂ ਨਹੀਂ ਪੜ੍ਹਦੇ । ਜੇਕਰ ਪੜ੍ਹਿਆ ਵੀ ਤਾਂ ਬੇਦਿਲੀ ਨਾਲ ਥੋੜਾ ਜਿਹਾ ਪੜ੍ਹ ਲਿਆ । ਇਸ ਲਈ ਬਹਿਰਹਾਲ ਧਿਆਨ ਦੇਣ ਦੀ ਲੋੜ ਹੈ ।

ਫਿਰ (شَهْرُ رَمَضَانَ الَّذِيْٓ اُنْزِلَ فِيْهِ الْقُرْاٰنُ) ਸ਼ਹਰੁ ਰਮਜ਼ਾਨਲੱਜ਼ੀ ਉਨਜ਼ਿਲਾ ਫੀਹਿਲ ਕੁਰਆਨੁ ਦੇ ਇਕ ਇਹ ਵੀ ਅਰਥ ਹਨ ਕਿ ਇਸ ਮਹੀਨਿ ਵਿੱਚ ਕੁਰਆਨ ਕਰੀਮ ਨਾਜ਼ਲ ਹੋਣਾ ਸ਼ੁਰੂ ਹੋਇਆ ਅਤੇ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਤਆਲਾ ਅਨਹਾ ਤੋਂ ਵੀ ਇਹੋ ਰਿਵਾਇਤ ਹੈ ਕਿ ਜਿਬਰੀਲ (ਅਲੱਾਹ ਦਾ ਫ਼ਰਿਸ਼ਤਾ) ਹਰ ਸਾਲ ਰਮਜ਼ਾਨ ਵਿੱਚ ਹਜ਼ਰਤ ਮਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਨਾਜ਼ਲ ਹੋਏ ਕੁਰਆਨ ਕਰੀਮ ਦਾ ਦੌਰ (ਦੁਹਰਾਈ) ਕੀਤਾ ਕਰਦੇ ਸਨ । ਆਪ ਦੇ ਦੇਹਾਂਤ ਦੇ ਸਾਲ ਦੋ ਵਾਰੀ ਦੁਹਰਾਈ ਕੀਤੀ ਗਈ ਅਰਥਾਤ ਕੁਰਆਨ ਕਰੀਮ ਦੋ ਵਾਰ ਦੁਹਰਾਇਆ ਗਿਆ ।

ਇਸ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪੱਦਚਿੰਨ੍ਹਾ ਅਤੇ ਅਲੱਾਹ ਤਆਲਾ ਦੀ ਵਿਸ਼ੇਸ਼ ਇਛੱਾ ਅਨੁਸਾਰ ਆਪ ਜੀ ਦਾ ਇਹ ਢੰਗ ਸਾਨੂੰ ਧਿਆਨ ਦੁਆਉਂਦਾ ਹੈ ਕਿ ਅਸੀਂ ਕੁਰਆਨ ਕਰੀਮ ਨੂੰ ਘੱਟੋ ਘੱਟ ਇਕ ਵਾਰ ਤਾਂ ਜ਼ਰੂਰ ਖ਼ਤਮ ਕਰਨ ਦਾ ਜਤਨ ਕਰੀਏ ਅਤੇ ਜਿਵੇਂ ਕਿ ਮੈਂ ਕਿਹਾ ਕਿ ਇਸ ਉਪੱਰ ਗ਼ੌਰ ਵੀ ਕਰੋ, ਤਾਂ ਹੀ ਅਸੀਂ ਅਲੱਾਹ ਦੇ ਆਦੇਸ਼ਾਂ ਉਪੱਰ ਅਮਲ ਕਰਨ ਵਾਲੇ ਬਣ ਸਕਾਂ ਗੇ । (هدى للناس) ਹੁਦਨ ਲਿਨੱਾਸਿ (ਲੋਕਾਂ ਲਈ ਸੁਮਾਰਗ) ਜੱਦ ਗ਼ੌਰ ਕਰਾਂਗੇ, ਪੜ੍ਹਾਂਗੇ, ਸਮਝਾਂਗੇ ਕਿ ਇਨਸਾਨਾ ਲਈ ਹਿਦਾਇਤ ਹੈ ਜੋ ਇਸ ਤੋਂ ਹਿਦਾਇਤ ਲੈਣਾ ਚਾਹੁੰਦੇ ਹਨ ਅਤੇ ਹਿਦਾਇਤ (ਸੁਮਾਰਗ) ਪੜ੍ਹੇ ਤੇ ਸਮਝੇ ਬਿਨਾ ਨਹੀਂ ਹੋ ਸਕਦੀ ।

ਸੋ, ਇਹ ਇਕ ਅਜਿਹੀ ਸੰਪੂਰਨ ਕਿਤਾਬ ਹੈ ਜਿਸ ਦਾ ਕੋਈ ਸਾਨੀ ਨਹੀਂ ਜਿਸ ਵਿੱਚ ਹਰ ਚੀਜ਼ ਪੂਰਨ ਰੂਪ ਵਿੱਚ ਬਿਆਨ ਕੀਤੀ ਗਈ ਹੈ । ਸਾਰੀਆਂ ਪੁਰਾਣੇ ਧਰਮਾਂ ਦੀਆਂ ਗ਼ਲਤੀਆਂ ਕੱਢ ਦਿੱਤੀਆਂ, ਸਾਰੀਆਂ ਪੁਰਾਣੀਆਂ ਕਿਤਾਬਾਂ ਦੀਆਂ ਘਾਟ ਪੂਰੀ ਕਰ ਦਿੱਤੀ ਗਈ । ਅਲੱਾਹ ਤਆਲਾ ਦਾ ਸਾਡੇ ਉਪੱਰ ਇਹ ਉਪਕਾਰ ਵੀ ਹੈ ਕਿ ਉਸ ਨੇ ਸਾਨੂੰ ਇਸ ਯੁੱਗ ਵਿੱਚ ਪੈਦਾ ਕੀਤਾ ਅਤੇ ਫਿਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਮਨ੍ਹਣ ਦੀ ਤੋਫ਼ੀਕ ਵੀ ਦਿੱਤੀ ਅਤੇ ਇਹ ਤੋਫ਼ੀਕ ਦੇਕੇ ਆਪ ਰਾਹੀਂ ਕੁਰਆਨ ਕਰੀਮ ਦੀ ਅਜ਼ਮਤ, ਮਹਾਨਤਾ ਤੇ ਮਆਰਫ਼ਤ ਜਾਨਣ ਦੇ ਸਾਧਨ ਵੀ ਜੁਟਾਏ । ਕੁਰਆਨ ਕਰੀਮ ਦੇ ਗਿਆਨ ਤੇ ਮਆਰਫ਼ਤ ਨੂੰ ਦੇ ਖ਼ਜ਼ਾਨੇ ਆਪ ਨੇ ਸਾਡੇ ਸਾਹਮਣੇ ਪੇਸ਼ ਕੀਤੇ । ਇਸ ਦੀ ਸਹੀ ਤੇ ਉਚਿਤ ਪਾਲਣਾ ਤਾਂ ਆਪ ਦੀਆਂ ਕਿਤਾਬਾਂ ਦੇ ਅਧਿਐਨ ਨਾਲ ਹੁੰਦਾ ਹੈ ਅਤੇ ਹੋ ਸਕਦਾ ਹੈ । ਬਹਿਰਹਾਲ ਮੈਂ ਇਸ ਸਮੇਂ ਕੁਰਆਨ ਬਾਰੇ ਆਪ ਜੀ ਦੇ ਕੁਝ ਕਥਨ ਰੱਖਾਂਗਾ, ਜਿੰਨ੍ਹਾ ਤੋਂ ਕੁਰਆਨ ਕਰੀਮ ਦੇ ਅਸਥਾਨ ਤੇ ਮਹਾਨਤਾ ਦਾ ਪਤਾ ਲੱਗਦਾ ਹੈ । ਆਪ ਫ਼ਰਮਾਉਦੇ ਹਨ ਕਿ :

'ਖ਼ਾਤਾਮਨ ਨਬੀੱਯੀਨ' ਦਾ ਸ਼ਬਦ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਲਈ ਬੋਲਿਆ ਜਾਂਦਾ ਹੈ ਆਪ ਇਹ ਚਾਹੁੰਦਾ ਹੈ ਅਤੇ ਸੁਭਾਵਕ ਹੀ ਇਸ ਸ਼ਬਦ'ਚ ਰੱਖਿਆ ਗਿਆ ਹੈ ਕਿ ਉਹ ਕਿਤਾਬ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਪੱਰ ਨਾਜ਼ਲ ਹੋਈ ਹੈ ਉਹ ਵੀ 'ਖ਼ਾਤਮੁਲ ਕੁਤੁਬ' ਹੈ ਅਤੇ ਸਾਰੇ ਕਮਾਲਾਤ ਉਸ ਵਿੱਚ ਮੌਜੂਦ ਹਨ ਅਤੇ ਵਾਸਤਵ ਵਿੱਚ ਉਹ ਕਮਾਲਾਤ ਇਸ ਵਿੱਚ ਮੌਜੂਦ ਹਨ, ਕਿਉਂਕਿ ਕਲਾਮੇ ਇਲਾਹੀ ਦੇ ਨਾਜ਼ਲ ਹੋਣ ਦਾ ਆਮ ਨੀਯਮ ਤੇ ਉਸੂਲ ਇਹ ਹੈ ਕਿ ਜਿਸ ਹੱਦ ਤੱਕ ਉਸ ਵਿਅਕਤੀ ਦੀ ਅੰਦਰੂਨੀ ਸ਼ਕਤੀ, ਕਮਾਲਾਤ ਤੇ ਪਵਿੱਤਰ ਬੱਲ ਹੁੰਦਾ ਹੈ, ਉਸੇ ਹੱਦ ਤੱਕ ਉਸ ਦੇ ਕਲਾਮ ਦੀ ਸ਼ਕਤੀ ਹੁੰਦੀ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਅੰਦਰੂਨੀ ਸ਼ਕਤੀ ਤੇ ਕਮਾਲਾਤ ਕਿਉਂਕਿ ਉਚਤਮ ਤੋਂ ਉਚਤਮ ਦਰਜੇ ਦੀ ਸੀ, ਜਿਸ ਤੋਂ ਵੱਧ ਕੇ ਕਿਸੇ ਵੀ ਮਨੁੱਖ ਦੀ ਨ ਕਦੇ ਹੋਈ ਨ ਕਦੇ ਭਵਿੱਖ ਵਿੱਚ ਹੋਵੇਗੀ । ਇਸ ਲਈ ਕੁਰਆਨ ਕਰੀਮ ਵੀ ਸਾਰੀਆਂ ਪਹਿਲੀਆਂ ਕਿਤਾਬਾਂ ਅਤੇ ਗ੍ਰੰਥਾਂ ਤੋਂ ਉਸ ਉਤਮ ਅਸਥਾਨ ਤੇ ਮਰਤਬੇ'ਤੇ ਸਿਥਰ ਹੋਇਆ ਹੈ ਜਿੱਥੇ ਤੱਕ ਕੋਈ ਹੋਰ ਦੂਜਾ ਕਲਾਮ ਨਹੀਂ ਪਹੁੰਚਿਆ । ਕਿਉਂਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀਆਂ ਅੰਦਰੂਨੀ ਸ਼ਕਰਤੀਆਂ ਤੇ ਪਵਿੱਤਰ ਸ਼ਕਤੀ ਸਭ ਤੋਂ ਅਧਿਕ ਵਧੀ ਹੋਈ ਸੀ ਅਤੇ

ਕਮਾਲਾਤ ਦੇ ਸਾਰੇ ਉਚਤਮ ਅਸਥਾਨ ਆਪ ਜੀ ਉਪੱਰ ਖ਼ਤਮ ਹੋ ਚੁਕੇ ਸਨ । ਆਪ ਸਲਲੱਾਹੁ ਅਲੈਹਿ ਵਸਲੱਮ ਅੰਤਮ ਬਿੰਦੂ ਤੱਕ ਪਹੁੰਚੇ ਹੋਏ ਸਨ । ਇਸ ਅਸਥਾਨ'ਤੇ ਜੋ ਕੁਰਆਨ ਕਰੀਮ ਆਪ ਜੀ ਉਪੱਰ ਨਾਜ਼ਲ ਹੋਇਆ, ਉਹ ਵੀ ਕਮਾਲ ਨੂੰ ਪਹੁੰਚਿਆ ਹੋਇਆ ਹੈ । ਜਿਵੇਂ ਨਬੁਵੱਤ ਦੇ ਕਮਾਲਾਤ ਆਪ ਜੀ ਉਪੱਰ ਖ਼ਤਮ ਹੋ ਗਏ, ਇਸੇ ਪ੍ਰਕਾਰ ਇਸ ਵਿਲਖੱਣ ਕਲਾਮ ਦੇ ਕਮਾਲਾਤ ਕੁਰਆਨ ਕਰੀਮ ਉਪੱਰ ਖ਼ਤਮ ਹੋ ਗਏ । ਆਪ ਖ਼ਾਤਮਨੱਬੀਯੀਨ ਠਹਿਰੇ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਕਿਤਾਬ ਖ਼ਾਤਮੁਲ ਕੁਤੁਬ ਠਹਿਰੀ । ਜਿਸ ਹੱਦ ਤੱਕ ਮਰਤਬੇ ਤੇ ਸਬਬ ਇਸ ਵਿਲਖੱਣ ਕਲਾਮ ਦੇ ਹੋ ਸਕਦੇ ਹਨ, ਉਹਨਾ ਸਾਰਿਆਂ ਦੇ  ਪੱਖੋਂ ਆਪ ਦੀ ਕਿਤਾਬ ਅਤਿਅੰਤ ਉਚਤਮ ਬਿੰਦੂ ਉਪੱਰ ਪਹੁੰਚੀ ਹੋਈ ਹੈ । ਅਰਥਾਤ ਕੀ ਕੋਮਲਤਾ ਤੇ ਮਿਠਾਸ ਦੇ ਪੱਖੋਂ, ਕੀ ਵਿਸ਼ੇ ਦੇ ਪੱਖੋਂ, ਕੀ ਸਿੱਖਿਆ ਦੇ ਪੱਖੋਂ, ਕੀ ਕਮਾਲਾਤ ਤੇ ਚਮਤਕਾਰਾਂ ਦੇ ਪੱਖੋਂ, ਕੀ ਸਿੱਖਿਆ ਦੇ ਫੱਲ ਪੱਖੋਂ, ਭਾਵ ਇਹ ਕਿ ਹਰ ਇਕ ਪੱਖੋਂ ਜਿਸ ਪੱਖੋਂ ਵੀ ਦੇਖੀਏ ਉਸੇ ਪੱਖੋਂ ਕੁਰਆਨ ਕਰੀਮ ਸੰਪੂਰਨ ਤੇ ਕਾਮਲ ਦਿਖਾਈ ਦਿੰਦਾ ਹੈ ਅਤੇ ਇਸ ਦੀ ਵਿਲਖੱਣਤਾ ਪ੍ਰਮਾਣਤ ਹੁੰਦੀ ਹੈ । ਇਹੋ ਸਬਬ ਹੈ ਕਿ ਕੁਰਆਨ ਕਰੀਮ ਨੇ ਕਿਸੇ ਵਿਸ਼ੇਸ਼ ਕਾਰਜ ਦੀ ਉਧਾਰਣ ਨਹੀਂ ਮੰਗੀ । ਸਗੋਂ ਆਮ ਤੌਰ'ਤੇ ਉਧਾਰਣ ਮੰਗੀ ਹੈ ਅਰਥਾਤ ਜਿਸ ਪੱਖੋਂ ਵੀ ਚਾਹੋ ਟਾਕਰਾ ਕਰੋ, ਭਾਵੇਂ ਕੋਮਲਤਾ, ਮਿਠਾਸ ਤੇ ਨਿਪੁਣਤਾ ਦੇ ਪੱਖੋਂ, ਭਾਵੇਂ ਅਰਥਾਂ ਦੇ ਪੱਖੋਂ, ਉਦੇਸ਼ ਦੇ ਪੱਖੋਂ, ਭਾਵੇਂ ਸਿੱਖਿਆ ਦੇ ਪੱਖੋਂ, ਭਾਵੇਂ ਭਵਿੱਖਬਾਣੀਆਂ ਦੇ ਪੱਖੋਂ ਜਾਂ ਫਿਰ ਗ਼ੈਬ ਦੇ ਪੱਖੋਂ, ਕੁਰਆਨ ਕਰੀਮ ਵਿੱਚ ਮੌਜੂਦ ਹਨ । ਭਾਵ ਇਹ ਕਿ ਕਿਸੇ ਵੀ ਰੂਪ ਵਿੱਚ ਦੇਖੋ, ਇਹ ਇਕ ਚਮਤਕਾਰ ਹੈ । ਫਿਰ ਕੁਰਆਨ ਕਰੀਮ ਦੀ ਮਹਾਨਤਾ ਦਸਦੇ ਹੋਏ ਆਪ ਜੀ ਫ਼ਰਮਾਉਂਦੇ ਹਨ :

ਜੇਕਰ ਸਾਡੇ ਕੋਲ ਕੁਰਆਨ ਕਰੀਮ ਨ ਹੁੰਦਾ ਅਤੇ ਹਦੀਸਾਂ ਦੇ ਇਹ ਸੰਗ੍ਰਹ ਹੀ ਈਮਾਨ ਤੇ ਆਸਥਾ ਹੁੰਦੇ ਤਾਂ ਅਸੀਂ ਹੋਰਨਾ ਕੌਮਾਂ ਨੂੰ ਸ਼ਰਮਸਾਰੀ ਕਰਕੇ ਮੂੰਹ ਦਿਖਉਂਣ ਯੋਗ ਵੀ ਨ ਹੁੰਦੇ । ਫ਼ਰਮਾਇਆ, ਮੈਂ ਕੁਰਆਨ ਦੇ ਸ਼ਬਦ ਉਪੱਰ ਗ਼ੌਰ ਕੀਤਾ, ਤਾਂ ਮੈਨੂੰ ਪਤਾ ਲੱਗਾ ਕਿ ਇਸ ਪਾਕ ਨਾਂ ਵਿੱਚ ਇਕ ਜ਼ਬਰਦਸਤ ਪੇਸ਼ਗ਼ੋਈ (ਭਵਿਖਬਾਣੀ) ਹੈ । ਉਹ ਇਹ ਹੈ ਕਿ ਇਹੋ ਕੁਰਆਨ ਪੜ੍ਹਨ ਯੋਗ ਕਿਤਾਬ ਹੈ ਅਤੇ ਇਕ ਸਮੇਂ ਵਿੱਚ ਤਾਂ ਹੋਰ ਵੀ ਅਧਿਕ ਪੜ੍ਹਨ ਯੋਗ ਕਿਤਾਬ ਹੋਵੇਗੀ, ਜੱਦ ਕਿ ਹੋਰ ਵੀ ਕਿਤਾਬਾਂ ਇਸ ਨਾਲ ਪੜ੍ਹਨ ਵਿੱਚ ਸ਼ਾਮਲ ਹੋ ਜਾਣਗੀਆਂ । ਉਸ ਸਮੇਂ ਇਸਲਾਮ ਦੀ ਮਰਿਯਾਦਾ ਬਚਾਉਂਣ ਲਈ ਅਤੇ ਝੂਠ ਦਾ ਪਤਨ ਕਰਨ ਲਈ ਇਹੋ ਕਿਤਾਤਬ ਪੜ੍ਹਨ ਯੋਗ ਹੋਵੇਗੀ ਅਤੇ ਸਾਰੀਆਂ ਕਿਤਾਬਾਂ ਉਕੱਾ ਹੀ ਛੱਡ ਦੇਣ ਯੋਗ ਹੋਣਗੀਆਂ । 'ਫ਼ੁਰਕਾਨ' ਦੇ ਵੀ ਇਹੋ ਅਰਥ ਹਨ । ਅਰਥਾਤ ਇਹੋ ਇਕ ਕਿਤਾਬ ਸੱਚ ਤੇ ਝੂਠ ਵਿੱਚ ਅੰਤਰ ਕਰਨ ਵਾਲੀ ਹੋਵੇਗੀ ਅਤੇ ਹੋਰ ਕੋਈ ਹਦੀਸ ਦੀ ਜਾਂ ਕੋਈ ਹੋਰ ਕਿਤਾਬ ਇਸ ਪਧੱਰ ਦੀ ਜਾਂ ਇਸ ਯੋਗ ਨਹੀਂ ਹੋਵੇਗੀ । ਇਸ ਲਈ ਹੁਣ ਸਾਰੀਆਂ ਕਿਤਾਬਾਂ ਛੱਡ ਦਿਓ ਅਤੇ ਰਾਤ ਦਿਨ ਅਲੱਾਹ ਦੀ ਕਿਤਾਬ ਹੀ ਪੜ੍ਹੋ । ਬਹੁਤ ਹੀ ਈਮਾਨ ਰਹਿਤ ਹੈ ਉਹ ਮਨੁੱਖ ਜੋ ਕੁਰਆਨ ਕਰੀਮ ਵੱਲ ਮਨ ਨ ਲਾਏ ਅਤੇ ਹੋਰਨਾ ਕਿਤਾਬਾਂ ਵੱਲ ਦਿਨ ਰਾਤ ਝੁੱਕਿਆ ਰਹੇ । ਸਾਡੀ ਜਮਾਤ ਨੂੰ ਚਾਹੀਦਾ ਹੈ ਕਿ ਕੁਰਆਨ ਕਰੀਮ ਦੇ ਕਾਰਜਾਂ ਅਤੇ ਵਿਉਂਤਾਂ ਵਿੱਚ ਤਨ ਮਨ ਨਾਲ ਲੀਨ ਹੋ ਜਾਣ ਅਤੇ ਹਦੀਸਾਂ ਦੇ ਕਾਰਜਾਂ ਨੂੰ ਤਿਆਗ ਦੇਣ । ਬਹੁਤ ਦੁੱਖ ਦੀ ਗੱਲ ਹੈ ਕਿ ਕੁਰਆਨ ਕਰੀਮ ਦੀ ਉਹ ਪਰਵਾਹ ਤੇ ਪਾਠ ਨਹੀਂ ਕੀਤਾ ਜਾਂਦਾ ਜੋ ਹਦੀਸਾਂ ਦਾ ਕੀਤਾ ਜਾਂਦਾ ਹੈ । ਇਸ ਸਮੇਂ ਕੁਰਆਨ ਕਰੀਮ ਦਾ ਝੰਡਾ ਹੱਥ ਵਿੱਚ ਲਓ ਤੁਹਾਡੀ ਫ਼ਤਹਿ ਹੋਵੇਗੀ, ਇਸ ਨੂਰ ਅੱਗੇ ਕੋਈ ਹਨ੍ਹੇਰਾ ਟਿਕ ਨਹੀਂ ਸਕੇਗਾ ।

ਫਿਰ ਆਪਣੀ ਜਮਾਤ ਨੂੰ ਨਸੀਹਤ ਕਰਦੇ ਹੋਏ ਫ਼ਰਮਾਇਆ, ਸੋ, ਤੁਸੀਂ ਹੁਸ਼ਿਆਰ ਰਹੋ ਅਤੇ ਰੱਬ ਦੀ ਸਿੱਖਿਆ ਅਤੇ ਕੁਰਆਨ ਕਰੀਮ ਦੀ ਹਿਦਾਇਤ ਵਿਰੁਧ ਇਕ ਪੈਰ੍ਹ ਵੀ ਨ ਪੁੱਟੋ । ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜੋ ਮਨੁੱਖ ਕੁਰਆਨ ਕਰੀਮ ਦੇ ਸੱਤ ਸੌ ਹੁਕਮਾਂ ਵਿੱਚੋਂ ਇਕ ਵੀ ਛੋਟੇ ਜਿਹੇ ਹੁਕਮ ਨੂੰ ਟਾਲਦਾ ਹੈ ਉਹ ਮੁਕਤੀ ਦਾ ਦਰ ਆਪਣੇ ਹੱਥੀਂ ਆਪਣੇ ਲਈ ਬੰਦ ਕਰਦਾ ਹੈ । ਹਕੀਕੀ ਤੇ ਪੂਰਨ ਮੁਕਤੀ ਦੇ ਮਾਰਗ ਕੁਰਆਨ ਕਰੀਮ ਨੇ ਖੋਲੇ ਅਤੇ ਬਾਕੀ ਸਾਰੇ ਇਸ ਦੇ ਪ੍ਰਤੀਬਿੰਬ ਸਨ । ਇਸ ਲਈ ਤੁਸੀਂ ਕੁਰਆਨ ਕਰੀਮ ਨੂੰ ਬਹੁਤ ਹੀ ਧਿਆਨ ਤੇ ਗ਼ੌਰ ਨਾਲ ਪੜ੍ਹੋ ਅਤੇ ਇਸ ਨਾਲ ਬਹੁਤ ਹੀ ਪਿਆਰ ਕਰੋ ਅਜਿਹਾ ਪਿਆਰ ਜੋ ਤੁਸੀਂ ਕਿਸੇ ਨਾਲ ਨ ਕੀਤਾ ਹੋਵੇ । ਕਿਉਂਕਿ ਜਿਵੇਂ ਕਿ ਮੈਨੂੰ ਖ਼ੁਦਾ ਨੇ ਸੰਬੋਧਨ ਕਰਕੇ ਫ਼ਰਮਾਇਆ, (الخیر کلہ فی القران) ਅਲ ਖ਼ੈਰੁ ਕੁੱਲੋਹੂ ਫ਼ਿਲ ਕੁਰਆਨ' ਕਿ ਸਾਰੀਆਂ ਭਲਾਈਆਂ ਤੇ ਬਰਕਤਾਂ ਕੁਰਆਨ ਮਰੀਮ ਵਿੱਚ ਹਨ । ਇਹੋ ਗੱਲ ਸੱਚੀ ਵੀ ਹੈ । ਖੇਦ ਹੈ ਉਹਨਾਂ ਲੋਕਾਂ'ਤੇ ਜੋ ਕਿਸੇ ਹੋਰ ਚੀਜ਼ ਨੂੰ ਇਸ'ਤੇ ਪਹਿਲ ਦਿੰਦੇ ਹਨ । ਤੁਹਾਡੀ ਸਫ਼ਲਤਾ ਅਤੇ ਮੁਕਤੀ ਦਾ ਸੋਮਾ ਕੁਰਆਨ ਕਰੀਮ ਵਿੱਚ ਹੈ । ਕੋਈ ਵੀ ਤੁਹਾਡੀ ਧਾਰਮਕ ਲੋੜ

ਅਜਿਹੀ ਨਹੀਂ, ਜੋ ਕੁਰਆਨ ਕਰੀਮ ਵਿੱਚ ਨ ਹੋਵੇ । ਤੁਹਾਡੇ ਈਮਾਨ ਦਾ ਸਚੱਾ ਹੋਣਾ ਜਾਂ ਝੂਠਾ ਹੋਣਾ ਕਿਯਾਮਤ ਦੇ ਦਿਨ ਕੁਰਆਨ ਕਰੀਮ ਹੈ । ਇਹੋ ਦੱਸੇਗਾ ਕਿ ਤੁਹਾਡੀ ਆਸਥਾ ਨਾਲ ਤਸਦੀਕ ਕਰੇਗਾ ਜਾਂ ਨਿਖੇਦੀ ਕਰੇਗਾ । ਫ਼ਰਮਾਇਆ :

"ਸਿਵਾਏ ਕੁਰਆਨ ਕਰੀਮ ਦੇ ਆਕਾਸ਼ ਹੇਠ ਹੋਰ ਕੋਈ ਕਿਤਾਬ ਨਹੀਂ ਜੋ ਸਿੱਧੇ ਤੌਰ'ਤੇ ਤੁਹਾਨੂੰ ਹਿਦਾਇਤ ਦੇ ਸਕੇ । ਜੋ ਕੁਰਆਨ ਕਰੀਮ ਦੇ ਵਾਸਤੇ ਤੋਂ ਬਿਨਾਂ ਤੁਹਾਨੂੰ ਹਿਦਾਇਤ ਦੇ ਸਕੇ । ਕੋਈ ਅਜਿਹੀ ਕਿਤਾਬ ਨਹੀਂ ਜੋ ਤੁਹਾਨੂੰ ਹਿਦਾਇਤ ਦੇਵੇ ਜੱਦ ਤੱਕ ਕੁਰਆਨ ਵਿਚੋਂ ਨੇ ਲੰਘੇ । ਜੱਦ ਤੱਕ ਇਸ ਵਿੱਚ ਕੁਰਆਨ ਕਰੀਮ ਦੀਆਂ ਸਿੱਖਿਅਵਾਂ ਦਾ ਵਰਨਣ ਨਹੀਂ ਹੋਵੇਗਾ । ਫ਼ਰਮਾਇਆ, ਰੱਬ ਨੇ ਤੁਹਾਡੇ'ਤੇ ਬਹੁਤ ਉਪਕਾਰ ਕੀਤਾ ਹੈ ਜੋ ਤੁਹਾਨੂੰ ਕੁਰਆਨ ਜਿਹੀ (ਸੁੰਦਰ ਤੇ ਸਰਬਪੱਖੀ) ਕਿਤਾਬ ਤੁਹਾਨੂੰ ਦਿਤੀ । ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਉਹ ਕਿਤਾਬ ਜੋ ਤੁਹਾਡੇ'ਤੇ ਪੜ੍ਹੀ ਗਈ ਜੇਕਰ ਈਸਾਈਆਂ ਉਪੱਰ ਪੜ੍ਹੀ ਜਾਂਦੀ ਤਾਂ ਉਹ ਹਲਾਕ ਨ ਹੁੰਦੇ । ਇਹ ਨੇਮਤ (ਪੁਰਸਕਾਰ) ਅਤੇ ਹਿਦਾਇਤ ਜੋ ਤੁਹਾਨੂੰ ਦਿੱਤੀ ਗਈ, ਜੇਕਰ ਤੌਰਾਤ ਦੀ ਥਾਂ ਯਹੂਦੀਆਂ ਨੂੰ ਦਿੱਤੀ ਜਾਂਦੀ ਤਾਂ ਉਹਨਾ ਦੇ ਕਈ ਫਿਰਕੇ ਕਿਯਾਮਤ ਤੋਂ ਇਨਕਾਰੀ ਨ ਹੁੰਦੇ । ਇਸ ਲਈ ਇਸ ਨੇਮਤ ਦੀ ਕਦਰ ਕਰੋ ਜੋ ਤੁਹਾਨੂੰ ਦਿੱਤੀ ਗਈ ਹੈ, ਇਹ ਅਤਿਅੰਤ ਪਿਆਰੀ ਨੇਮਤ ਹੈ, ਇਹ ਬਹੁਤ ਵੱਡੀ ਦੌਲਤ ਹੈ, ਜੇਕਰ ਕੁਰਆਨ ਕਰੀਮ ਨ ਆਉਂਦਾ ਤਾਂ ਸਾਰੀ ਦੁਨੀਆ ਇਕ ਗੰਦੇ ਲੋਥੜੇ ਵਾਂਗ ਹੁੰਦੀ, ਬਹੁਤ ਗੰਦੇ ਲੋਥੜੇ ਵਾਂਗ ਹੁੰਦੀ । ਕੁਰਆਨ ਕਰੀਮ ਉਹ ਕਿਤਾਬ ਹੈ, ਜਿਸ ਦੇ ਟਾਕਰੇ'ਤੇ ਸਾਰੀਆਂ ਹਿਦਾਇਤਾਂ ਨੀਵੀਆਂ ਹਨ ।"

ਫਿਰ ਆਪ ਫ਼ਰਮਾਉਦੇ ਹਨ : ਇਹ ਸੱਚ ਹੈ ਕਿ ਅਧਿਕਤਰ ਮੁਸਲਮਾਨਾਂ ਨੇ ਕੁਰਆਨ ਕਰੀਮ ਨੂੰ ਛੱਡ ਦਿੱਤਾ ਹੈ ਪਰ ਫਿਰ ਵੀ ਕੁਰਆਨ ਕਰੀਮ ਦੇ ਨੂਰ ਤੇ ਬਰਕਤਾਂ ਅਤੇ ਉਸ ਦੇ ਪ੍ਰਭਾਵ ਸਦਾ ਜੀਵਤ ਅਤੇ ਤਾਜ਼ਾ ਬਤਾਜ਼ਾ ਹਨ । ਕਿਉਂਕਿ ਇਸ ਸਮੇਂ ਮੈਂ ਉਸ ਦੇ ਪ੍ਰਮਾਣ ਲਈ ਭੇਜਿਆ ਗਿਆ ਹਾਂ । ਅਲੱਾਹ ਤਆਲਾ ਸਦਾ ਹੀ ਆਪਣੇ ਆਪਣੇ ਸਮੇਂ ਉਪੱਰ ਆਪਣੇ ਬੰਦਿਆਂ ਨੂੰ ਇਸ ਦੇ ਪੱਖ ਲਈ ਅਤੇ ਇਸ ਦੀ ਹਾਮੀ ਲਈ ਭੇਜਦਾ ਰਹਿਾ ਹੈ, ਕਿਉਂਕਿ ਉਸ ਨੇ ਵਾਦਾ ਕੀਤਾ ਸੀ, (انانحن نزلنا الذکر وانا لہ لحافظون) ਇਨੱਾ ਨਹਨੁ ਨਜ਼ੱਲਨਜ਼ ਜ਼ਿਕਰਾ ਵ ਇਨੱਾ ਲਹੁ ਲਹਾਫ਼ਿਜ਼ੂਨ, ਅਰਥਾਤ ਬੇਸ਼ਕ ਅਸੀਂ ਹੀ ਇਸ ਇਸ ਜ਼ਿਕਰ ਅਰਥਾਤ ਕੁਰਆਨ ਕਰੀਮ ਨੂੰ ਨਾਜ਼ਲ ਕੀਤਾ ਹੈ ਅਤੇ ਅਸੀਂ ਹੀ ਇਸ ਦੇ ਸੁਰੱਖਿਅਕ ਹਾਂ ।

ਕੁਰਆਨ ਕਰੀਮ ਦੀ ਸੁਰੱਖਿਆ ਦਾ ਜੋ ਵਾਦਾ ਰੱਬ ਨੇ ਕੀਤਾ ਹੈ ਉਹ ਤੌਰਾਤ ਜਾਂ ਕਿਸੇ ਹੋਰ ਕਿਤਾਬ ਲਈ ਨਹੀਂ ਹੈ । ਇਸ ਲਈ ਉਹਨਾਂ ਕਿਤਾਬਾਂ ਵਿੱਚ ਮਨੁੱਖੀ ਚਲਾਕੀਆਂ ਨੇ ਆਪਣਾ ਕੰਮ ਕੀਤਾ । ਕੁਰਾਆਨ ਕਰੀਮ ਦੀ ਸੁਰੱਖਿਆ ਦਾ ਇਹ ਬਹੁਤ ਜ਼ਬਰਦਸਤ ਸਾਧਨ ਹੈ ਕਿ ਇਸ ਦੀ ਤਾਸੀਰ (ਪ੍ਰਭਾਵ) ਦਾ ਸਦਾ ਹੀ ਤਾਜ਼ਾ ਬਤਾਜ਼ਾ ਪ੍ਰਮਾਣ ਮਿਲਦਾ ਰਹਿੰਦਾ ਹੈ । ਅਤੇ ਕਿਉਂਕਿ ਯਹੂਦੀਆਂ ਨੇ ਤੌਰਾਤ ਨੂੰ ਉਕੱਾ ਹੀ ਛੱਡ ਦਿੱਤਾ ਹੈ, ਇਸ ਲਈ ਉਹਨਾਂ ਵਿੱਚ ਕੋਈ ਤਾਸੀਰ ਤੇ ਸ਼ਕਤੀ ਬਾਕੀ ਨਹੀਂ ਰਹੀ ਜੋ ਉਹਨਾਂ ਦੇ ਅੰਤ ਨੂੰ ਦਰਸ਼ਿਤ ਕਰਦੀ ਹੈ । ਫਿਰ ਆਪ ਨੇ ਬਹੁਤ ਖੇਦ ਨਾਲ ਇਕ ਨਸੀਹਤ ਕੀਤੀ, ਆਪ ਨੇ ਫ਼ਰਮਾਇਆ :

ਤੁਹਾਡੇ ਲਈ ਇਕ ਜ਼ਰੂਰੀ ਸਿੱਖਿਆ ਇਹ ਹੈ ਕਿ ਕੁਰਆਨ ਕਰੀਮ ਨੂੰ ਵਿਯੋਗੀ ਵਾਂਗ ਨ ਛੱਡ ਦਿਓ ਕਿ ਤੁਹਾਡਾ ਜੀਵਨ ਇਸੇ ਵਿੱਚ ਹੈ । ਜੋ ਲੋਕ ਕੁਰਆਨ ਕਰੀਮ ਨੂੰ ਇਜ਼ੱਤ ਦੇਣਗੇ ਉਹ ਆਕਾਸ਼ ਉਪੱਰ ਇਜ਼ੱਤ ਪਾਉਂਣਗੇ । ਜੋ ਲੋਕ ਹਰ ਇਕ ਹਦੀਸ ਅਤੇ ਹਰ ਇਕ ਕਥਨ ਉਪੱਰ ਕੁਰਆਨ ਕਰੀਮ ਨੂੰ ਮੁਕਦੱਮ (ਪਹਿਲ ਦੇਣਗੇ) ਰੱਖਣਗੇ, ਉਹਨਾਂ ਨੂੰ ਆਕਾਸ਼'ਤੇ ਮੁਕਦੱਮ ਰੱਖਿਆ ਜਾਵੇਗਾ । ਮਨੁੱਖਾਂ ਲਈ ਇਸ ਧਰਤੀ ਉਪੱਰ ਹੁਣ ਕੋਈ ਕਿਤਾਬ ਨਹੀਂ ਪਰ ਕੁਰਆਨ ਅਤੇ ਸਾਰੇ ਆਦਮਜ਼ਾਦਾਂ (ਆਦਮ ਦੇ ਪੁਤੱਰ ਭਾਵ ਮਨੁੱਖਾਂ) ਲਈ ਹੁਣ ਕੋਈ ਰਸੂਲ ਤੇ ਸ਼ਫ਼ੀਅ ਨਹੀਂ ਪਰ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ।

ਜੁੱਮੇ ਦੀ ਨਮਾਜ਼ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਮੁਕਰੱਮ ਕਲੀਮ ਅਹਮਦ ਵਸੀਮ ਸੇਵਕ ਐਮ.ਟੀ.ਏ. ਲੰਦਨ ਦੀ ਨਮਾਜ਼ ਜਨਾਜ਼ਹ ਹਾਜ਼ਰ ਪੜ੍ਹਾਈ, ਜੋ 6 ਜੁਲਾਈ ਨੂੰ ਦਿਲ ਦਾ ਦੌਰਾ ਪੈਣ ਕਰਕੇ 54 ਸਾਲ ਦੀ ਉਮਰ ਵਿੱਚ ਰੱਬ ਨੂੰ ਪਿਆਰੇ ਹੋ ਗਏ । ਇਸੇ ਪ੍ਰਕਾਰ ਆਸਿਮ ਜ਼ਕੀ ਬਸ਼ੀਰੁੱਦੀਨ ਸਾਹਬ ਆਫ਼ ਅਮਰੀਕਾ ਦੀ ਨਮਾਜ਼ ਜਨਾਜ਼ਹ ਗ਼ਾਇਬ ਪੜ੍ਹਾਈ ਜੋ 22 ਜੂਨ 2014 ਈ. ਨੂੰ 85 ਸਾਲ ਦੀ ਉਮਰ ਭੋਗ ਕੇ ਰੱਬ ਨੂੰ ਪਿਆਰੇ ਹੋਏ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਅਊਨ । (انا للہ وانا الیہ راجعون)